## 4

# ‘‘ਪਵਿੱਤਰ, ਪਵਿੱਤਰ, ਪਵਿੱਤਰ!’’

ਲੋਕਾਂ ਦਾ ਅੱਜ ਇੱਕੋ ਹੀ ਮਕਸਦ ਹੈ, ‘‘ਖੁਸ਼’’ ਹੋਣਾ। ਉਹ ਉਤੇਜਨਾ, ਮਨਪਰਚਾਵਾ, ‘‘ਮੌਜ ਮਸਤੀ ਅਤੇ ਖੇਡਣਾ ਮੱਲਣਾ’’ ਚਾਹੁੰਦੇ ਹਨ। ‘‘ਖੁਸ਼’’ ਹੋਣ ਨੂੰ ਬਾਈਬਲ ਦੇ ਅਨੰਦ ਨਾਲ ਬਿਲਕੁਲ ਨਾ ਜੋੜੋ। ਬਹੁਤ ਸਾਰੇ ਲੋਕ ਪਵਿੱਤਰ ਹੋਣ ਨਾਲੋਂ ਪ੍ਰਸੰਨ ਹੋਣਾ, ਸ਼ੁੱਧ ਹੋਣ ਨਾਲੋਂ ਸੁਰੱਖਿਅਤ ਹੋਣਾ, ਵਫ਼ਾਦਾਰ ਹੋਣ ਨਾਲੋਂ ਕਾਮਯਾਬ ਹੋਣਾ ਚਾਹੁੰਦੇ ਹਨ। ਦੁੱਖ ਦੀ ਗੱਲ ਹੈ ਕਿ ਵਧੇਰੇ ਮਾਪਿਆਂ ਦੀ ਇੱਛਾ ਆਪਣੇ ਬੱਚਿਆਂ ਲਈ ਸਿਰਫ਼ ਇਹੀ ਹੁੰਦੀ ਹੈ ਕਿ ਉਹ ‘‘ਖੁਸ਼’’ ਹੋਣੇ ਚਾਹੀਦੇ ਹਨ। ਇਸ ਨਾਲੋਂ ਵੀ ਦੁੱਖ ਦੀ ਗੱਲ ਇਹ ਹੈ ਕਿ ਉਹ ਖੁਸ਼ ਹੁੰਦੇ ਨਹੀਂ ਹਨ। ਕੁਝ ਲੋਕ ਪਾਪ ਵਿਚ ਲੱਗੇ ਰਹਿ ਕੇ, ਨਿਚੋੜ ਕੱਢਦੇ ਹਨ, ‘‘ਮੇਰੀ ਜ਼ਿੰਦਗੀ ਵਿਚ ਪਾਪ ਹੋ ਸਕਦਾ ਹੈ, ਪਰ ਮੈਨੂੰ ਲਗਦਾ ਹੈ ਕਿ ਖ਼ੁਦਾ ਚਾਹੁੰਦਾ ਹੈ ਕਿ ਮੈਂ ਖੁਸ਼ ਰਹਾਂ।’’ ਅਸਲ ਰੂਹਾਨੀਅਤ ਅਤੇ ‘‘ਖੁਸ਼’’ ਹੋਣ ਦਾ ਆਮ ਤੌਰ ਤੇ ਕੋਈ ਮੇਲ ਨਹੀਂ ਹੁੰਦਾ। ਖ਼ੁਦਾ ਨੇ ਕਿਸੇ ਨੂੰ ਇਸ ਅਰਥ ਜਾਂ ਪਰਿਭਾਸ਼ਾ ਮੁਤਾਬਕ ‘‘ਖੁਸ਼’’ ਹੋਣ ਦਾ ਹੁਕਮ ਕਦੇ ਨਹੀਂ ਦਿੱਤਾ।

ਇਸੇ ਤਰ੍ਹਾਂ, ਆਧੁਨਿਕ ਸਮਾਜ ਸਿਹਤ ਦੀ ਮੂਰਤ ਦੀ ਪੂਜਾ ਕਰਦਾ ਹੈ। ਇਹ ‘‘ਚੱਲ ਰਿਹਾ’’ ਹੈ! ਲੋਕ ਕਸਰਤ ਕਰ ਰਹੇ ਹਨ, ਜੜੀਆਂ ਬੂਟੀਆਂ ਦੀ ਵਰਤੋਂ ਕਰ ਰਹੇ ਹਨ। ਹਰ ਨਵਾਂ ਹੱਥਕੰਡਾ ਅਪਣਾ ਰਹੇ ਹਨ। ਮੂਰਤਾਂ ਵਾਂਗ ਅਪਣੇ ਸਰੀਰਾਂ ਦੀ ਪੂਜਾ ਕਰਕੇ ਉਹ ਆਪਣੀ ਆਤਮਾ ਦੀ ਬੇਪਰਵਾਹੀ ਕਰ ਰਹੇ ਹਨ।

ਪਵਿੱਤਰਤਾ ਕਿੱਥੇ ਨੱਸ ਗਈ ਹੈ? ਖੁਸ਼ੀ ਨੂੰ ਪਾਉਣ ਲਈ ਉਸ ਦਾ ਪਿੱਛਾ ਕਰਨਾ ਬੇਕਾਰ ਹੈ। ਸਿਹਤ ਮੌਤ ਨੂੰ ਰੋਕ ਨਹੀਂ ਸਕਦੀ। ‘‘ਸਭਨਾਂ ਨਾਲ ਮੇਲ ਰੱਖਣ ਦਾ ਪਿੱਛਾ ਕਰੋ ਅਤੇ ਪਵਿੱਤਰਤਾਈ ਦਾ ਜਿਹਦੇ ਬਿਨਾਂ ਕੋਈ ਪ੍ਰਭੂ ਨੂੰ ਨਾ ਵੇਖੇਗਾ’’ (ਇਬਰਾਨੀਆਂ 12:14)। ਅਸੀਂ ਮੇਲ ਨਹੀਂ ਰੱਖ ਪਾਉਂਦੇ ਹਾਂ, ਕਿਉਂਕਿ ਸੁਭਾਅ ਤੋਂ ਅਸੀਂ ਅੱਡ ਹੋ ਕੇ ਮਨੁੱਖਾਂ ਅਤੇ ਪ੍ਰਾਰਥਨਾ ਭਵਨਾਂ ਨੂੰ ਬਣਾਉਣ ਵਿਚ ਲੱਗੇ ਰਹਿੰਦੇ ਹਾਂ। ਸਾਡੀ ਲੋੜ ਵੱਡੀ ਸਾਰੀ ਇਮਾਰਤ ਨਹੀਂ ਬਲਕਿ ਪਵਿੱਤਰ ਕਲੀਸੀਆ ਭਾਵ ਚਰਚ ਹੈ। ਕਲੀਸੀਆ ਦੀਆਂ ਇੰਟਰਵਿਊ ਵਿਚ ਮੈਨੂੰ ਮੇਰੀ ਉਮਰ, ਸਿੱਖਿਆ, ਸੰਖੇਪ ਵਿਚ ਆਪਣੇ ਬਾਰੇ ਅਤੇ ਕਲੀਸੀਆ ਨੂੰ ਪੇਸ਼ ਮੁਸ਼ਕਿਲਾਂ ਬਾਰੇ ਪੁੱਛਿਆ ਜਾਂਦਾ ਹੈ। ਕਿਸੇ ਨੇ ਮੈਨੂੰ ਕਦੇ ਇਹ ਨਹੀਂ ਪੁੱਛਿਆ ਕਿ ‘‘ਕੀ ਤੁਸੀਂ ਪਵਿੱਤਰ ਹੋ?’’; ‘‘ਕੀ ਖ਼ੁਦਾ ਨਾਲ ਤੁਹਾਡਾ ਡੂੰਘਾ ਰਿਸ਼ਤਾ ਹੈ?’’ ਉਹਦੇ ਨਾਲ ਸਾਡਾ ਰੋਜ਼ ਦਾ ਚੱਲਣਾ ਪਵਿੱਤਰ ਚਾਲ ਚਲਣ ਹੈ।

ਜਦ ਮੈਂ ਕਾਲਜ ਵਿਚ ਪੜ੍ਹਦਾ ਸਾਂ, ਤਾਂ ਬਾਹਰੋਂ ਆਏ ਇਕ ਵਿਦਵਾਨ ਨੇ ਸਾਨੂੰ ‘‘ਪ੍ਰਚਾਰਕ ਮੁੰਡਿਆਂ’’ ਨੂੰ ਹੈਰਾਨ ਕਰਕੇ ਸਾਨੂੰ ਗੁੱਸਾ ਦੁਆਇਆ। ਉਸਨੇ ਕਿਹਾ ਸੀ ਕਿ ਖ਼ੁਦਾ ਦੀ ਸਭ ਤੋਂ ਵੱਡੀ ਖੂਬੀ ਪ੍ਰੇਮ ਨਹੀਂ ਬਲਕਿ ਸੁਭਾਅ ਹੈ। ਪ੍ਰੇਮ ਨੂੰ ਉਸ ਨੇ ਚੌਥੇ ਥਾਂ ਰੱਖਿਆ ਸੀ। ਪਵਿੱਤਰਤਾਈ ਨੂੰ ਪਹਿਲੀ ਥਾਂ ਦੇਣ ਵਿਚ ਉਹ ਸਹੀ ਸੀ। (ਪ੍ਰੇਮ ਨੂੰ ਚੌਥੀ ਥਾਂ ਦੇਣ ਬਾਰੇ ਕੁਝ ਪਤਾ ਨਹੀਂ; ਇਹ ਪੰਜਵੇਂ ਜਾਂ ਸਤਵੇਂ ਥਾਂ ਤੇ ਵੀ ਹੋ ਸਕਦਾ ਹੈ।) ‘‘ਜਿਵੇਂ ਤੁਹਾਡਾ ਸੱਦਣ ਵਾਲਾ ਪਵਿੱਤਰ ਹੈ ਤੁਸੀਂ ਆਪ ਵੀ ਤਿਵੇਂ ਹੀ ਆਪਣੀ ਸਾਰੀ ਚਾਲ ਵਿਚ ਪਵਿੱਤਰ ਬਣੋ’’ (1 ਪਤਰਸ 1:15, 16)। ਪਤਰਸ ਨੇ ‘‘ਪਵਿੱਤਰ, ਪਵਿੱਤਰ, ਪਵਿੱਤਰ’’ ਉੱਤੇ ਜ਼ੋਰ ਦਿੱਤਾ ਨਾ ਕਿ ‘‘ਪ੍ਰੇਮ, ਪ੍ਰੇਮ, ਪ੍ਰੇਮ’’ ਉੱਤੇ।

ਅੱਜ ਖ਼ੁਦਾ ‘‘ਚਲਨ ਵਿਚ’’ ਹੈ, ਪਰ ਉਹ ਬਾਈਬਲ ਦਾ ਖ਼ੁਦਾ ਨਹੀਂ ਹੈ। ਅੱਜ ਅਸੀਮ, ਅਬਦਲ, ਅਨਾਦੀ, ਜੀਉਂਦੇ, ਪਵਿੱਤਰ ਪਰਮੇਸ਼ੁਰ ਕੋਲ ਜਾਣ ਦਾ ਰਿਵਾਜ ਨਹੀਂ ਹੈ! ਇਹ ਤਾਂ ਸਾਡੀ ਰੋਜ਼ਮੱਰਾ ਦੀ ਜ਼ਿੰਦਗੀ ਦਾ ਖ਼ੁਦਾ ਹੈ। ਖ਼ੁਦਾ ਨੂੰ ਪਵਿੱਤਰ ਮੰਨੇ ਬਗੈਰ ਖ਼ੁਦਾ ਦਾ ਖੌਫ਼ ਨਹੀਂ ਮੰਨਿਆ ਜਾ

ਸਕਦਾ। ''ਪਰਮੇਸ਼ੁਰ ਕੋਲੋਂ ਡਰ ਅਤੇ ਉਹਦੀਆਂ ਆਗਿਆਵਾਂ ਨੂੰ ਮੰਨ ਕਿਉਂ ਜੋ ਇਨਸਾਨ ਦਾ ਇਹੋ ਰਿਣ ਹੈ'' (ਉਪਦੇਸ਼ਕ ਦੀ ਪੋਥੀ 12:13)।

ਹਾਂ ਖ਼ੁਦਾ ਪ੍ਰੇਮ ਹੈ (1 ਯੂਹੰਨਾ 4:8, 16)। ਇਸ ਨਾਲੋਂ ਵੀ ਵੱਧ, ਉਹ ਚਾਨਣ ਹੈ (1 ਯੂਹੰਨਾ 1:5)। ਖ਼ੁਦਾ ਦੀ ਨਿਹਕਲੰਕ ਸ਼ੁੱਧਤਾ ਦਾ ਸਨਮਾਨ ਕਰੋ। ਖ਼ੁਦਾ ਦੇ ਚਰਿੱਤਰ ਨੂੰ ਸਾਫ਼ ਰਹਿਣ ਦਿਓ! ਖ਼ੁਦਾ ਪ੍ਰੇਮ ਹੈ, ਪਰ ਪ੍ਰੇਮ ਖ਼ੁਦਾ ਨਹੀਂ ਹੈ। ਪ੍ਰੇਮ ਖ਼ੁਦਾ ਦੀ ਪਰਿਭਾਸ਼ਾ ਨਹੀਂ ਦਿੰਦਾ ਪਰ ਖ਼ੁਦਾ ਪ੍ਰੇਮ ਦਾ ਅਰਥ ਦੱਸਦਾ ਹੈ। ਸਲੀਬ ਦੀ ਲੋੜ ਇਸ ਲਈ ਨਹੀਂ ਹੈ ਕਿ ਖ਼ੁਦਾ ਪ੍ਰੇਮ ਹੈ, ਬਲਕਿ ਇਸ ਦੀ ਲੋੜ ਇਸ ਕਰਕੇ ਹੈ ਕਿਉਂਕਿ ਖ਼ੁਦਾ ਪਵਿੱਤਰ ਹੈ। ਤੁਸੀਂ ਆਪਣੇ ਬੇਟੇ ਨੂੰ ਮਾਰ ਕੇ ''ਆਪਣੇ ਪ੍ਰੇਮ ਨੂੰ ਸਾਬਿਤ'' ਨਹੀਂ ਕਰਦੇ, ਕਿਉਂਕਿ ਇਹ ਤਾਂ ਪਾਗਲਪਣ ਹੋਵੇਗਾ। ''ਪ੍ਰੇਮੀ ਪਰਮੇਸ਼ੁਰ ਕਿਸੇ ਪਾਪੀ ਨੂੰ ਨਰਕ ਵਿਚ ਕਿਵੇਂ ਭੇਜ ਸਕਦਾ ਹੈ?'' ਇਹ ਪੁੱਛਣ ਦਾ ਮਤਲਬ ਗਲਤ ਸਵਾਲ ਪੁੱਛਣਾ ਹੈ। *ਪਵਿੱਤਰ* ਪਰਮੇਸ਼ੁਰ ਪਾਪੀਆਂ ਨੂੰ ਨਰਕ ਵਿਚ ਕਿਵੇਂ *ਨਹੀਂ* ਭੇਜ ਸਕਦਾ? ਖ਼ੁਦਾ ਪਾਪ ਜਾਂ ਪਾਪੀਆਂ ਨੂੰ ਛੂਹ ਨਹੀਂ ਸਕਦਾ। ਕਿਸੇ ਪਾਪੀ ਨੂੰ ਪਵਿੱਤਰ ਪਰਮੇਸ਼ੁਰ ਦੀ ਹਜ਼ੂਰੀ ਵਿਚ ਖੜੇ ਰਹਿਣ ਦਾ ਹੱਕ ਜਾਂ ਕੋਈ ਕਾਰਣ ਨਹੀਂ ਹੈ! ਹਮੇਸ਼ਾ ਤਕ ਰਹਿਣ ਵਾਲਾ ਮੁੱਦਾ ਇਹ ਹੈ ਕਿ ''ਪਾਪੀ ਮਨੁੱਖ ਪਵਿੱਤਰ ਕਿਵੇਂ ਬਣ ਸਕਦਾ ਹੈ?'' ਉਸ ਨੂੰ ਹਰ ਪਾਪ ਦੀ ਸਜ਼ਾ ਦਿੱਤੀ ਜਾਣੀ ਜ਼ਰੂਰੀ ਹੈ। ਕੋਈ ਪਾਪੀ ਸੁਰਗ ਵਿਚ ਨਹੀਂ ਵੜੇਗਾ।

ਪਾਪ ਦੀ ਮਜਦੂਰੀ ਮੌਤ ਹੈ (ਉਤਪਤ 2:17; ਰੋਮੀਆਂ 6:23)। ਪਾਪੀ ਮਨੁੱਖ ਗੁਆਚਿਆ ਹੋਇਆ, ਲਾਚਾਰ ਅਤੇ ਬੇਆਸਾ ਹੈ। ਪਾਪੀ ਮਨੁੱਖ ਆਪਣੇ ਆਪ ਨੂੰ ਬਚਾ ਨਹੀਂ ਸਕਦਾ, ਖ਼ੁਦਾ ਦੀ ਪਵਿੱਤਰਤਾ ਉਸਦੇ ਕਹਿਰ ਦੀ ਮੰਗ ਕਰਦੀ ਹੈ। ਖ਼ੁਦਾ, ਖ਼ੁਦਾ ਹੀ ਹੋਣਾ ਚਾਹੀਦਾ ਹੈ। ਖ਼ੁਦਾ ਦੀ ਪਵਿੱਤਰਤਾ ਨਿਆਂ ਦੀ ਮੰਗ ਕਰਦੀ ਹੈ। ਹੁਣ ਪ੍ਰੇਮ ਦੀ ਸਭ ਤੋਂ ਵੱਡੀ ਗੱਲ ਇਹੀ ਹੈ (ਕਿਰਪਾ ਦੀ ਸਹੀ ਸਮਝ)। ਜੋ ਮਨੁੱਖ ਤੋਂ ਨਹੀਂ ਹੋ ਸਕਦਾ ਸੀ, ਖ਼ੁਦਾ ਨੇ ਉਹੀ ਮਨੁੱਖ ਵਿਚ ਹੋ ਕੇ ਕਰ ਦਿੱਤਾ। ਖ਼ੁਦਾ ਨੇ ਮਨੁੱਖ ਜਾਤੀ ਨਾਲ ਮਸੀਹ ਵਿਚ ਮੇਲ ਕਰ ਲਿਆ। ਯਿਸੂ ਨੇ ਸਿੱਧ ਜਾਂ ਕਾਮਿਲ ਜ਼ਿੰਦਗੀ ਜੀ ਕੇ ਆਪਣਾ ਲਹੂ ਵਹਾਇਆ। ਨਿਆਂ ਮੌਤ ਦੀ ਭਾਵ ਲਹੂ ਦੀ ਕੁਰਬਾਨੀ ਮੰਗਦਾ ਸੀ। ਪ੍ਰੇਮ ਨੇ ਉਹ ਕੀਮਤ ਚੁਕਾ ਦਿੱਤੀ! ''ਪਰਮੇਸ਼ੁਰ ਨੇ ਜਗਤ ਨਾਲ ਅਜਿਹਾ ਪਿਆਰ ਕੀਤਾ'' (ਯੂਹੰਨਾ 3:16)। ਯਿਸੂ ਨੇ ਆਪਣੀ ਜਾਨ ਬਹੁਤਿਆਂ ਦੇ ਛੁਟਕਾਰੇ ਲਈ ਦੇ ਦਿੱਤੀ (ਮੱਤੀ 20:28)। ਯਿਸੂ ਮਸੀਹ ਭਾਵ *ਇੱਕੋ ਇਕ ਮੁਕਤੀਦਾਤੇ* ਨੇ ਹਰ ਮਨੁੱਖ ਲਈ ਮੌਤ ਦਾ ਸੁਆਦ ਚੱਖਿਆ (ਇਬਰਾਨੀ 2:9; ਰਸੂਲਾਂ ਦੇ ਕੰਮ 4:11, 12)। ਖ਼ੁਦਾ ਦਾ ਪ੍ਰੇਮ ਉਸ ਦੀ ਪਵਿੱਤਰਤਾ ਤੋਂ ਹਟ ਕੇ ਇਸਦਾ ਹੋਰ ਕੋਈ ਮਤਲਬ ਨਹੀਂ ਦੱਸਦਾ। ਖ਼ੁਦਾ ਪਵਿੱਤਰ ਹੀ ਰਹਿੰਦਾ ਹੈ; ਪਾਪ ਉੱਤੇ ਉਸ ਦਾ ਕਹਿਰ ਸਲੀਬ ਤੇ ਯਿਸੂ ਦੇ ਉੱਤੇ ਵਹਾ ਦਿੱਤਾ ਗਿਆ ਸੀ। ਇਹੀ *ਇੰਜੀਲ* ਜਾਂ ਖੁਸ਼ਖ਼ਬਰੀ ਹੈ! ''ਪਰਮੇਸ਼ੁਰ ਮਸੀਹ ਵਿਚ ਹੋ ਕੇ ਜਗਤ ਨੂੰ ਆਪਣੇ ਨਾਲ ਮਿਲਾ ਰਿਹਾ ਸੀ ...'' (2 ਕੁਰਿੰਥੀਆਂ 5:19–21)। ਯਿਸੂ ਦੇ ਬਗੈਰ ਪਾਪੀ ਆਪਣੇ ਪਾਪਾਂ ਵਿਚ ਹੀ ਮਰ ਸਕਦੇ ਸਨ। ਯਿਸੂ ਪਾਪੀਆਂ ਲਈ ਭਾਵ ਅਧਰਮੀਆਂ ਲਈ ਮਰਿਆ (ਰੋਮੀਆਂ 5:6–8)। ਯਿਸੂ ਨੇ ਪਾਪੀਆਂ ਦੀ ਮੁਕਤੀ ਨਾ ਤਾਂ ਅਸਲ ਵਿਚ ਅਤੇ ਨਾ ਸੰਭਾਵਿਤ ਰੂਪ ਵਿਚ ਕੀਤੀ, ਬਲਕਿ ਉਸ ਨੇ ਪਾਪੀਆਂ ਨੂੰ ''ਬਚਾਏ ਜਾਣ ਦੇ ਯੋਗ'' ਬਣਾ ਦਿੱਤਾ। *ਖ਼ੁਦਾ ਨੇ ... ਸਾਨੂੰ ਆਪਣੇ ਆਪ ਤੋਂ* ਬਚਾਉਣ ਲਈ ... *ਆਪਣੇ ਆਪ ਨੂੰ ਦੇ ਦਿੱਤਾ...!*

ਕੀ ਮੈਨੂੰ ''ਖੁਸ਼'' ਹੋਣ ਦਾ *ਹੱਕ* ਹੈ? *ਨਹੀਂ!*
ਕੀ ਮੈਨੂੰ ''ਤੰਦਰੁਸਤ'' ਹੋਣ ਦਾ *ਹੱਕ* ਹੈ? *ਨਹੀਂ!*
ਕੀ ਮੈਨੂੰ ''ਪਵਿੱਤਰ'' ਹੋਣ ਦਾ *ਹੱਕ* ਹੈ? *ਹਾਂ!*